नामांक Roll No.

| | | | | | | |
|---|---|---|---|---|---|---|
| | | | | | | |

No. of Questions – **10**

# S-75-Punjabi (T.L.)

No. of Printed Pages – **4**

# माध्यमिक परीक्षा, 2018

# SECONDARY EXAMINATION, 2018

# पंजाबी

# PUNJABI

**(THIRD LANGUAGE)**

Time : $3\frac{1}{4}$ Hours

Maximum Marks : 80

**ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :**

(1) ਪ੍ਰਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ–ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੋ ।

(2) ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

(3) ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ–ਪੁਸਤਿਕਾ 'ਤੇ ਹੀ ਲਿਖੋ ।

(4) ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਮਾਨ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

1. ਜਿਨ੍ਹਾਂ ਲੋਕਾਂ ਨੇ ਆਪਣੇ ਮਨ ਉੱਤੇ ਕਾਬੂ ਪਾਇਆ ਹੋਇਆ ਹੈ, ਉਨ੍ਹਾਂ ਨੇ ਸੰਸਾਰ ਉੱਤੇ ਬੜੇ ਕਾਰਨਾਮੇ ਕਰਕੇ ਦਿਖਾਏ ਹਨ । ਸਾਇੰਸ ਦੀਆਂ ਕਾਢਾਂ ਮਨੁੱਖੀ ਮਨ ਦੇ ਟਿਕਾਓ ਵਿੱਚੋਂ ਪੈਦਾ ਹੁੰਦੀਆਂ ਹਨ । ਭਗਤੀ ਤੇ ਤਪੱਸਿਆ ਮਨ ਦੀ ਇਕਾਗਰਤਾ ਨਾਲ ਹੀ ਹੋ ਸਕਦੀ ਹੈ । ਸਾਰੇ ਇਲਮ ਤੇ ਹੁਨਰ ਇਕਾਗਰ ਮਨ ਦੀ ਕਿਰਤ ਹਨ । ਬੜੇ-ਬੜੇ ਰਾਜਸੀ, ਸਮਾਜਕ ਤੇ ਆਰਥਕ ਪਰਿਵਰਤਨ ਲਿਆਉਣ ਵਾਲੇ ਆਗੂਆਂ ਦੇ ਮਨ ਕਿਸੇ ਖਾਸ ਆਦਰਸ਼ ਵਿੱਚ ਬੱਝੇ ਹੋਏ ਸਨ । ਜਿਸ ਮਨ ਦੇ ਸਾਮ੍ਹਣੇ ਕਿਸੇ ਆਦਰਸ਼ ਦੀ ਉਚਾਈ ਅਵਾਜ਼ਾਂ ਮਾਰਦੀ ਹੋਵੇ, ਉਸ ਵਿੱਚ ਇੱਕ ਬਿਜਲੀ ਦੀ ਸ਼ਕਤੀ ਪੈਦਾ ਹੋ ਜਾਂਦੀ ਹੈ । ਅੱਜ ਮਨੁੱਖ ਨੇ ਪ੍ਰਕਿਰਤੀ ਉੱਤੇ ਆਪਣਾ ਰਾਜ ਕਾਇਮ ਕਰ ਲਿਆ ਹੈ । ਇਹ ਸਭ ਮਨ ਦੇ ਟਿਕਾਓ ਤੇ ਉਚੇਰੀ ਮਿਹਨਤ ਦੀਆਂ ਬਰਕਤਾਂ ਹਨ । ਮਨੁੱਖ ਨੇ ਸੰਸਾਰ ਦਾ ਸਾਰਾ ਪੁਰਾਣਾ ਇਤਿਹਾਸ ਬਦਲ ਦਿੱਤਾ ਹੈ । ਜੇਕਰ ਵੱਡੇ-ਵੱਡੇ ਵਿਗਿਆਨੀਆਂ ਅਤੇ ਚਿੰਤਕਾਂ ਦਾ ਮਨ ਉਹਨਾਂ ਦੇ ਕਾਬੂ ਵਿੱਚ ਨਾ ਹੁੰਦਾ ਤਾਂ ਉਹ ਕਦੇ ਵੀ ਅਜਿ ਹੇ ਅਦੁੱਤੀ ਕਾਰਨਾਮੇ ਨਾ ਕਰ ਸਕਦੇ । ਮਨ ਨੂੰ ਕਾਬੂ ਵਿੱਚ ਰੱਖਣਾ ਤਰੱਕੀ ਦਾ ਸੂਚਕ ਹੈ ।

(ੳ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਓ । **2**

(ਅ) ਇਲਮ ਤੇਂ ਹੁਨਰ ਕਿਹੋ ਜਿਹੇ ਮਨ ਦੀ ਕਿਰਤ ਹਨ ? **2**

(ੲ) ਖਾਸ ਆਦਰਸ਼ ਵਿੱਚ ਬੱਝਿਆ ਮਨ ਕਿਸ ਚੀਜ਼ ਦਾ ਸਬੱਬ ਬਣਤਾ ਹੈ ? **2**

(ਸ) ਪੈਰ੍ਹੇ ਅਨੁਸਾਰ ਕਿਹੋਂ ਜਿਹੇ ਮਨੁੱਖੀ ਮਨ ਵਿੱਚ ਬਿਜਲੀ ਦੀ ਸ਼ਕਤੀ ਪੈਦਾ ਹੁੰਦੀ ਹੈ ? **2**

(ਹ) ਪੈਰ੍ਹੇ 'ਚ ਆਏ ਔਖੇ ਸ਼ਬਦਾਂ ਦੇ ਅਰਥ ਲਿਖੋ । **2**

ਪ੍ਰਕਿਰਤੀ, ਇਲਮ, ਹੁਨਰ, ਸੰਸਾਰ ।

2. ਹੇਠ ਦਿੱਤੇ ਕਿਸੇ **ਇੱਕ** ਵਿਸ਼ੇ ਉੱਪਰ ਲੇਖ ਲਿਖੋ : **10**

(ੳ) ਸਾਡੀ ਵਿੱਦਿਆ ਪ੍ਰਣਾਲੀ

(ਅ) ਭ੍ਰਿਸ਼ਟਾਚਾਰ ਦੀ ਸਮੱਸਿਆ

(ੲ) ਸ਼ਹੀਦ ਭਗਤ ਸਿੰਘ

(ਸ) ਵਿਗਿਆਨ ਦੇ ਅਜੋਕੇ ਚਮਤਕਾਰ

3. ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਜੀ ਨੂੰ ਆਚਰਨ ਸਰਟੀਫ਼ਿਕੇਟ ਲੈਣ ਲਈ ਬੀਨੈ-ਪੱਤਰ ਲਿਖੋ । **1 + 3 + 1 = 5**

**ਜਾਂ**

ਆਪਣੇ ਤਾਇਆ ਜੀ ਨੂੰ ਤੁਹਾਡੇ ਜਨਮ ਦਿਨ ਤੇ ਭੇਜੇ ਤੋਹਫ਼ੇ ਲਈ ਧੰਨਵਾਦੀ ਪੱਤਰ ਲਿਖੋ ।

4. (ੳ) ਉਪ-ਭਾਸ਼ਾ ਦੁਆਬੀ ਕਿਹੜੇ-ਕਿਹੜੇ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ ? (ਮੌਜੂਦਾ ਪੰਜਾਬ) **2**

(ਅ) ਵਿਅੰਜਨ ਧੁਨੀ ਦੀ ਪ੍ਰੀਭਾਸ਼ਾ ਲਿਖੋ । **2**

(ੲ) ਬਿੰਦੀ ਕਿਹੜੀ-ਕਿਹੜੀ ਲਗ ਨਾਲ ਲੱਗਦੀ ਹੈ । ਹਰੇਕ ਦੀ ਇੱਕ-ਇੱਕ ਉਦਾਹਰਨ ਲਿਖੋ । **2**

5. (ੳ) ਵਿਰੋਧੀ ਸ਼ਬਦ ਲਿਖੋ (ਕੋਈ **ਤਿੰਨ** ਸ਼ਬਦ) 3

ਆਮਦਨ, ਦੇਸ, ਪਾਪ, ਠੀਕ, ਗ਼ਰੀਬ ।

(ਅ) ਕਿਸੇ **ਤਿੰਨ** ਸ਼ਬਦਾਂ ਦੇ **ਦੋ–ਦੋ** ਸਮਾਨ–ਅਰਥਕ ਸ਼ਬਦ ਲਿਖੋ । 3

ਉੱਨਤੀ, ਸ਼ਾਮ, ਜਿਸਮ, ਅੰਬਰ, ਬਹਾਦਰ ।

(ੲ) ਕਿਸੇ **ਤਿੰਨ** ਸ਼ਬਦਾਂ ਦੇ **ਦੋ–ਦੋ** ਬਹੁ–ਅਰਥਕ ਸ਼ਬਦ ਲਿਖੋ । 3

ਖੱਟੀ, ਸੂਤ, ਕਹੀ, ਅਰਕ, ਉੱਚਾ ।

6. ਹੇਠ ਲਿਖੇ ਕਾਵਿ–ਬੰਦਾਂ ਵਿੱਚੋਂ ਕਿਸੇ **ਇੱਕ** ਨਾਲ ਸੰਬੰਧਿਤ ਪ੍ਰਸ਼ਨਾਂ ਦੇ ਉੱਤਰ ਦਿਓ : $2\frac{1}{2} \times 4 = 10$

(ੳ) ਜਿਤੁ ਦਿਹਾੜੇ ਧਨ ਵਰੀ ਸਾਹੇ ਲਏ ਲਿਖਾਇ ।।
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ।।
ਜਿੰਦੁ ਨਿ ਮਾਣੀ ਕਢੀਐ ਹਡਾ ਕੂ ਕੜਕਾਇ ।।
ਸਾਰੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ।।

(i) ਉਪਰੋਕਤ ਕਾਵਿ–ਬੰਦ ਦਾ ਪ੍ਰਸੰਗ ਲਿਖੋ ।

(ii) ਉਪਰੋਕਤ ਕਾਵਿ–ਬੰਦ ਦੀ ਵਿਆਖਿਆ ਲਿਖੋ ।

(iii) ਕਾਵਿ–ਬੰਦ ਅਨੁਸਾਰ ਮੌਤ ਦਾ ਫਰਿਸ਼ਤਾ ਜੀਵ–ਆਤਮਾ ਨਾਲ ਕਿਹੋ ਜਿਹਾ ਵਿਵਹਾਰ ਕਰਦਾ ਹੈ ?

(iv) ਔਖੇ ਸ਼ਬਦਾਂ ਦੇ ਅਰਥ ਲਿਖੋ ।

ਧਨ, ਸਾਹੇ, ਮਲਕੁ, ਨਿਮਾਣੀ, ਮੁਹੁ ।

(ਅ) ਮਾਂ ਵਰਗਾ ਘਣ–ਛਾਂਵਾਂ ਬੂਟਾ, ਮੈਨੂੰ ਨਜ਼ਰ ਨਾ ਆਏ ।
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ ।
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਮੁਰਝਾਂਦੇ ।
ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁਕ ਜਾਏ ।

(i) ਉਪਰੋਕਤ ਕਾਵਿ–ਬੰਦ ਦਾ ਪ੍ਰਸੰਗ ਲਿਖੋ ।

(ii) ਉਪਰੋਕਤ ਕਾਵਿ–ਬੰਦ ਦੀ ਵਿਆਖਿਆ ਲਿਖੋ ।

(iii) ਰੱਬ ਦੇ ਸੁਰਗ ਬਣਾਉਣ ਸਮੇਂ ਮਾਂ ਦੇ ਯੋਗਦਾਨ ਤੇ ਚਾਨਣਾ ਪਾਉ ।

(iv) ਔਖੇ ਸ਼ਬਦਾਂ ਦੇ ਅਰਥ ਲਿਖੋ ।

ਘਣ–ਛਾਂਵਾਂ, ਸੁਰਗ, ਬੂਟਾ, ਮੁਰਝਾਇਆਂ, ਉਧਾਰੀ ।

7. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਦੋ** ਦੇ ਉੱਤਰ ਲਿਖੋ : **2 × 5 = 10**

(ੳ) 'ਸਿੰਮਲ ਰੁਖੁ ਸਰਾਇਰਾ' ਸ਼ਬਦ ਦਾ ਸਾਰ ਲਿਖੋ ।

(ਅ) ਕਵਿੱਤਰੀ ਵਾਰਸ਼ ਸ਼ਾਹ ਨੂੰ ਕਿਉਂ ਯਾਦ ਕਰਦੀ ਹੈ ? ਅਤੇ ਉਸ ਨੂੰ ਕੀ ਕਰਨ ਲਈ ਕਹਿੰਦੀ ਹੈ ?

(ੲ) 'ਲਾਵਾਂ' (ਰਾਗ ਸੂਹੀ) ਬਾਣੀ ਗੁਰ ਸਿੱਖਾਂ ਵਾਸਤੇ ਕਿਹੜਾ ਦਰਜਾ ਰੱਖਦੀ ਹੈ ? ਅਤੇ ਇਸ ਦੀ ਬਰਕਤ ਤੋਂ ਜਾਣੂ ਕਰਵਾਓ ।

(ਸ) ਕਵੀ ਬਦੇਸ਼ਾਂ 'ਚ ਜਾਣ ਵਾਲੇ ਲੋਕਾਂ ਦੇ ਕਿਹੜੇ ਦੁੱਖਾਂ ਦਾ ਜ਼ਿਕਰ ਕਰਦਾ ਹੈ ?

8. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ : **5 × 2 = 10**

(ੳ) ਮਿਲਖਾ ਸਿੰਘ ਨੂੰ 'ਫ਼ਲਾਇੰਗ ਸਿੱਖ' ਦੀ ਉਪਾਧੀ ਕਦੋਂ ਤੇ ਕਿਵੇਂ ਪ੍ਰਾਪਤ ਹੋਈ ?

(ਅ) ਮਹਾਰਾਜਾ ਗੰਗਾ ਸਿੰਘ ਨੂੰ ਮਿਲੀਆਂ ਪੰਜ ਉਪਾਧੀਆਂ ਦਾ ਜ਼ਿਕਰ ਕਰੋ ।

(ੲ) ਰਣ ਖੰਭੋਰ ਕਿਲ੍ਹੇ ਉੱਪਰ ਟਿਪਣੀ ਲਿਖੋ ।

(ਸ) ਭਾਈ ਮਰਦਾਨਾ ਜੀ ਦੇ ਪੁੱਤਰ ਨੂੰ ਗੁਰੂ ਜੀ ਨੇ ਕੀ ਅਸ਼ੀਰਵਾਦ ਦਿੱਤਾ ?

(ਹ) ਸ਼ਿਕੰਜਵੀਂ ਵਾਲਾ ਪੈਸਿਆਂ ਦੀ ਚਿੰਤਾ ਕਿਉਂ ਕਰ ਰਿਹਾ ਸੀ ?

(ਕ) ਲੇਖਕ ਦੀ ਮਾਂ ਡਰ ਹਟਾਉਮ ਲਈ ਉਹਨਾਂ ਨੂੰ ਮਾਮੇ ਦੀ ਕਿਹੜੀ ਗੱਲ ਸੁਣਾਉਂਦੀ ਹੁੰਦੀ ਸੀ ? (ਪੇਮੀ ਦੇ ਨਿਆਣੇ)

(ਖ) 'ਸਾਂਝੀ ਕੰਧ' ਬਣਾਉਣ ਸਮੇਂ ਪੰਚਾਇਤ ਨੇ ਕਿਵੇਂ ਝਗੜਾ ਮੁਕਾਇਆ ਸੀ ?

(ਗ) ਸੌਣਪੁਰੇ ਜਾ ਰਹੇ ਕਰਤਾਰੇ ਦੇ ਮਨ 'ਚ ਕਿਹੜੇ–ਕਿਹੜੇ ਖ਼ਿਆਲ ਆ ਰਹੇ ਸਨ ?

9. 'ਕਿਰਤ' ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । **5**

**ਜਾਂ**

ਗੰਗਾ ਦੀਨ ਦੀ ਮਾੜੀ ਮਾਲੀ ਹਾਲਤ ਲਈ ਕੌਣ ਜ਼ਿੰਮੇਵਾਰ ਸੀ ? ਤੇ ਕਿਉਂ ?

10. 'ਦੁੱਧ ਦਾ ਛੱਪੜ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । **5**

**ਜਾਂ**

'ਸਾਂਝੀ ਕੰਧ' ਕਹਾਣੀ ਦੇ ਪਾਤਰ ਕਪੂਰ ਸਿੰਘ ਦਾ ਚਰਿੱਤਰ ਚਿਤਰਨ ਕਰੋ ।